ਨਿਊਜ਼ ਰਿਲੀਜ਼

# ਹਾਊਸਿੰਗ ਬੂਮ: ਅਲਬਰਟਾ ਹੋਰ ਘਰ ਬਣਾ ਰਿਹਾ ਹੈ, ਵਧੇਰੇ ਤੇਜ਼ੀ ਨਾਲ

24 ਅਪ੍ਰੈਲ 2024

ਅਲਬਰਟਾ ਹੋਰ ਘਰ ਬਣਾ ਰਿਹਾ ਹੈ, ਮਾਰਚ 2024 ਵਿੱਚ 3,122 ਨਵੇਂ ਘਰਾਂ ਦੀ ਸ਼ੁਰੂਆਤ ਨੂੰ ਦਰਜ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 31 ਪ੍ਰਤਿਸ਼ਤ ਕਿਰਾਏ ਦੇ ਘਰ ਸਨ।

ਅਲਬਰਟਾ ਤੇਜ਼ੀ ਨਾਲ ਭਵਨ ਨਿਰਮਾਣ ਕਰ ਰਿਹਾ ਹੈ ਅਤੇ ਅਲਬਰਟਾ ਵਾਸੀਆਂ ਲਈ ਲੋੜੀਂਦੇ ਘਰ ਬਣਾ ਰਿਹਾ ਹੈ। ਕੈਨੇਡੀਅਨ ਮੌਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ (CMHC) ਦਾ ਨਵਾਂ ਡਾਟਾ ਦਿਖਾਉਂਦਾ ਹੈ ਕਿ ਅਲਬਰਟਾ ਵਿੱਚ ਜਨਵਰੀ ਤੋਂ ਮਾਰਚ 2024 ਤੱਕ ਸ਼ੁਰੂ ਕੀਤੇ ਗਏ ਘਰਾਂ ਦੀ ਕੁੱਲ ਗਿਣਤੀ 9,722 ਤੱਕ ਪਹੁੰਚ ਗਈ ਹੈ – ਜੋ ਕਿ 2023 ਵਿੱਚ ਇਸੇ ਸਮੇਂ ਦੌਰਾਨ ਸੂਬੇ ਵਿੱਚ 6,200 ਘਰਾਂ ਦੀ ਸ਼ੁਰੂਆਤ ਤੋਂ ਕਾਫੀ ਜ਼ਿਆਦਾ ਵੱਧ ਹੈ। ਇਸ ਵਾਧੇ ਦਾ ਮਤਲਬ ਹੈ ਕਿ ਮਾਰਚ 2023 ਤੋਂ ਮਾਰਚ 2024 ਵਿੱਚ ਅਲਬਰਟਾ ਵਿੱਚ ਰਿਹਾਇਸ਼ਾਂ ਦੀ ਸ਼ੁਰੂਆਤ ਵਿੱਚ 50 ਪ੍ਰਤਿਸ਼ਤ ਤੋਂ ਵੱਧ ਦਾ ਵਾਧਾ ਹੋਇਆ ਹੈ, ਜਦੋਂ ਕਿ ਬਾਕੀ ਦੇ ਕੈਨੇਡਾ ਵਿੱਚ ਇਸੇ ਮਿਆਦ ਵਿੱਚ ਵਾਧਾ ਸਿਰਫ 16 ਪ੍ਰਤਿਸ਼ਤ ਹੈ।

ਅਲਬਰਟਾ ਦੀ ਵੱਧਦੀ ਆਬਾਦੀ ਦੇ ਨਾਲ, ਵਧੇਰੇ ਰਿਹਾਇਸ਼ੀ ਵਿਕਲਪ ਜ਼ਰੂਰੀ ਹਨ ਅਤੇ ਇਸ ਲਈ ਅਲਬਰਟਾ ਰੁਕਾਵਟਾਂ ਨੂੰ ਦੂਰ ਕਰਨ ਅਤੇ ਸਾਡੇ ਹਾਊਸਿੰਗ ਭਾਈਵਾਲਾਂ ਨੂੰ ਭਵਨ ਨਿਰਮਾਣ ਦੇ ਸਮਰੱਥ ਬਣਾਉਣ ਲਈ ਸਖ਼ਤ ਮਿਹਨਤ ਕਰ ਰਿਹਾ ਹੈ। ਅਲਬਰਟਾ ਵਿੱਚ ਕਿਰਾਏ ਦੇ ਘਰਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਅਲਬਰਟਾ ਨੇ 15 ਸਾਲਾਂ ਵਿੱਚ ਸੰਯੁਕਤ ਤੌਰ 'ਤੇ ਸ਼ੁਰੂ ਕੀਤੀਆਂ ਗਈਆਂ ਉਸਾਰੀਆਂ (25,285) ਦੀ ਤੁਲਨਾ ਵਿੱਚ ਸਿਰਫ ਪਿਛਲੇ ਤਿੰਨ ਸਾਲਾਂ ਵਿੱਚ ਜ਼ਿਆਦਾ ਕਿਰਾਏ ਦੇ ਘਰਾਂ (25,477) ਦੀ ਉਸਾਰੀ ਸ਼ੁਰੂ ਕੀਤੀ ਗਈ ਹੈ।

ਅਲਬਰਟਾ ਦੇ ਦੋ ਸਭ ਤੋਂ ਵੱਡੇ ਸ਼ਹਿਰਾਂ, ਕੈਲਗਰੀ ਅਤੇ ਐਡਮੰਟਨ ਵਿੱਚ ਸੈਂਕੜੇ ਨਵੇਂ ਘਰ ਬਣਾਏ ਗਏ ਹਨ। ਕੈਲਗਰੀ ਵਿੱਚ, 1,760 ਨਵੇਂ ਘਰ ਬਣਾਏ ਜਾ ਰਹੇ ਹਨ, ਅਤੇ ਐਡਮੰਟਨ ਵਿੱਚ 1,162 ਉਸਾਰੀ ਅਧੀਨ ਹਨ। ਘਰਾਂ ਦੀਆਂ ਇਹ ਸ਼ੁਰੂਆਤਾਂ ਦੇਸ਼ ਭਰ ਵਿੱਚ ਘਰਾਂ ਦੇ ਵਾਧੇ ਤੋਂ ਬਹੁਤ ਅੱਗੇ ਲੰਘਣ ਵਿੱਚ ਅਲਬਰਟਾ ਦੀ ਮਦਦ ਕਰ ਰਹੀਆਂ ਹਨ।

ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਕਿ ਸਾਡੇ ਸੂਬੇ ਵਿੱਚ ਸਭ ਤੋਂ ਕਮਜ਼ੋਰ ਲੋਕਾਂ ਕੋਲ ਰਹਿਣ ਲਈ ਇੱਕ ਸੁਰੱਖਿਅਤ, ਸਥਿਰ ਅਤੇ ਕਿਫ਼ਾਇਤੀ ਜਗ੍ਹਾ ਹੋਵੇ, ਆਪਣੀ ਸਟਰੋਂਗਰ ਫਾਉਂਡੇਸ਼ਨ ਅਫੋਰਡੇਬਲਜ਼ ਹਾਊਸਿੰਗ (Stronger Foundations affordable housing) ਰਣਨੀਤੀ 'ਤੇ ਵੀ ਤਰੱਕੀ ਕਰ ਰਹੀ ਹੈ। ਸੂਬਾ 2031 ਤੱਕ ਘੱਟ ਆਮਦਨੀ ਵਾਲੇ ਕੁੱਲ 82,000 ਪਰਿਵਾਰਾਂ ਦੀ ਸਹਾਇਤਾ ਕਰਨ ਦੇ ਰਾਹ 'ਤੇ ਹੈ।

ਸੂਬੇ ਨੇ ਲਾਲ ਫੀਤਾਸ਼ਾਹੀ ਨੂੰ ਘਟਾ ਕੇ, ਰਿਹਾਇਸ਼ੀ ਉਸਾਰੀ ਲਈ ਇਨਸੈਨਟਿਵ ਦੇਣ ਦੇ ਨਾਲ-ਨਾਲ ਵਧੇਰੇ ਤੇਜ਼ੀ ਨਾਲ ਜ਼ਿਆਦਾ ਘਰ ਬਣਾਉਣ ਲਈ ਨਵੀਨਤਾਕਾਰੀ ਰਣਨੀਤੀਆਂ ਦਾ ਸਮਰਥਨ ਕਰਕੇ ਬਿਲਡਰਾਂ ਦਾ ਸਮਰਥਨ ਕਰਨਾ ਅਤੇ ਨਵੇਂ ਰਿਹਾਇਸ਼ੀ ਮਕਾਨਾਂ ਦੀ ਉਸਾਰੀ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਿਆ ਹੈ।

## ਫੌਰੀ ਤੱਥ

- ਅਲਬਰਟਾ ਵਿੱਚ ਕਿਰਾਏ ਦੇ ਘਰਾਂ ਵਿੱਚ ਵਾਧੇ ਦੀ ਸ਼ੁਰੂਆਤ:
  - 2021 - 2023 ਦੇ ਵਿਚਕਾਰ ਤਿੰਨ ਸਾਲਾਂ ਵਿੱਚ 25,447
  - 2006 - 2020 ਦੇ ਵਿਚਕਾਰ 15 ਸਾਲਾਂ ਵਿੱਚ 25,285
- 31 ਮਾਰਚ, 2024 ਤੱਕ, ਅਲਬਰਟਾ ਦੀ ਸਰਕਾਰ ਨੇ ਵਚਨਬੱਧਤਾ ਕੀਤੀ ਹੈ:
  - ਕਿਫ਼ਾਇਤੀ ਰਿਹਾਇਸ਼ ਦੇ 1,187 ਯੂਨਿਟਾਂ ਲਈ $179 ਮਿਲੀਅਨ। ਇਹਨਾਂ ਪ੍ਰੋਜੈਕਟਾਂ ਦੀ ਉਸਾਰੀ ਦਾ ਕੰਮ ਅਜੇ ਚਾਲੂ ਨਹੀਂ ਹੈ।

- ਇਸ ਸਮੇਂ ਨਿਰਮਾਣ ਅਧੀਨ ਕਿਫ਼ਾਇਤੀ ਰਿਹਾਇਸ਼ ਦੇ 435 ਯੂਨਿਟਾਂ ਲਈ $67.5 ਮਿਲੀਅਨ।
- ਦਸੰਬਰ 2023 ਤੋਂ ਬਾਅਦ ਮੁਕੰਮਲ ਹੋ ਚੁੱਕੇ ਕਿਫ਼ਾਇਤੀ ਰਿਹਾਇਸ਼ ਦੇ 166 ਯੂਨਿਟਾਂ ਲਈ $39.2 ਮਿਲੀਅਨ।
- ਆਪਣੇ ਭਾਈਵਾਲਾਂ ਨਾਲ ਮਿਲ ਕੇ, ਅਲਬਰਟਾ 2031 ਤੱਕ 25,000 ਵਾਧੂ ਘੱਟ ਆਮਦਨੀ ਵਾਲੇ ਪਰਿਵਾਰਾਂ ਦਾ ਸਮਰਥਨ ਕਰਨ ਲਈ ਕਿਫ਼ਾਇਤੀ ਮਕਾਨਾਂ ਵਿੱਚ $9 ਬਿਲੀਅਨ ਨਿਵੇਸ਼ ਦਾ ਸਮਰਥਨ ਕਰ ਰਿਹਾ ਹੈ।

## ਸੰਬੰਧਿਤ ਜਾਣਕਾਰੀ

- ਕੈਨੇਡਾ ਮੌਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਦੀ ਮਾਰਚ ਹਾਊਸਿੰਗ ਸਟਾਰਟ ਰਿਪੋਰਟ

## ਮਲਟੀਮੀਡੀਆ

- ਅਲਬਰਟਾ ਉਸਾਰੀ ਕਰ ਰਿਹਾ ਹੈ ਵੀਡੀਓ